# <u>ਪਬਲਿਕ ਨੋਟਿਸ</u>

## (4161 ਮਾਸਟਰ ਕਾਡਰ ਭਰਤੀ ਦੇ ਸਬੰਧ ਵਿੱਚ)

1. ਸਿੱਖਿਆ ਵਿਭਾਗ, ਪੰਜਾਬ ਵੱਲੋਂ 4161 ਮਾਸਟਰ ਕਾਡਰ ਭਰਤੀ ਦੇ ਚੁਣੇ ਗਏ ਸਾਰੇ ਉਮੀਦਵਾਰਾਂ ਦੇ ਮੈਡੀਕਲ ਉਨਾਂ ਦੇ ਰਿਹਾਇਸ਼ੀ ਜਿਲ੍ਹੇ (ਅਪਲਾਈ ਕਰਨ ਸਮੇਂ ਦੇ) ਦੇ ਸਿਵਲ ਸਰਜਨ ਦਫਤਰ ਵਿਖੇ ਕਰਵਾਏ ਜਾਣਗੇ। ਪੰਜਾਬ ਰਾਜ ਤੋਂ ਬਾਹਰੀ ਉਮੀਦਵਾਰਾਂ ਦੇ ਮੈਡੀਕਲ ਉਨਾਂ ਦੇ ਜਿਲ੍ਹੇ ਦੇ ਨਾਲ ਲਗਦੇ ਪੰਜਾਬ ਰਾਜ ਦੇ ਜਿਲ੍ਹੇ ਦੇ ਸਿਵਲ ਸਰਜਨ ਦਫ਼ਤਰ ਤੋਂ ਕਰਵਾਇਆ ਜਾਵੇ।

2. ਜਿਨ੍ਹਾਂ ਚੁਣੇ ਗਏ ਉਮੀਦਵਾਰਾਂ ਦੇ ਨਿਯੁਕਤੀ ਪੱਤਰ ਉਨ੍ਹਾਂ ਦੀ ਲਾਗ-ਇੰਨ੍ਹ-ਆਈ.ਡੀ ਤੇ ਅਪਲੋਡ ਹੋ ਗਏ ਹਨ, ਉਨ੍ਹਾਂ ਉਮੀਦਵਾਰਾਂ ਨੂੰ ਅਸਲ ਨਿਯੁਕਤੀ ਪੱਤਰ ਦੇਣ ਸੰਬੰਧੀ ਜਲਦ ਹੀ ਸੂਚਿਤ ਕਰ ਦਿੱਤਾ ਜਾਵੇਗਾ।

3. ਜਿਹੜੇ ਉਮੀਦਵਾਰ ਅੱਜ ਮਿਤੀ 09.05.2023 ਨੂੰ ਕਿਸੇ ਵੀ ਹਾਲਤ ਵਿੱਚ ਹਾਜ਼ਰ ਨਹੀਂ ਹੋਏ, ਉਨ੍ਹਾਂ ਉਮੀਦਵਾਰਾਂ ਨੂੰ ਹਾਜ਼ਰ ਹੋਣ ਲਈ ਮਿਤੀ **<u>11.05.2023 ਤੱਕ</u>** ਦਾ ਸਮਾਂ ਦਿੱਤਾ ਜਾਂਦਾ ਹੈ। ਇਸ ਉਪਰੰਤ ਉਮੀਦਵਾਰ ਦੀ ਹਾਜ਼ਰੀ ਸਬੰਧੀ ਉਸ ਵੱਲੋਂ ਪੇਸ਼ ਕੀਤੇ ਦਸਤਾਵੇਜ਼ /ਤੱਥਾਂ ਨੂੰ ਵਾਚਣ ਉਪਰੰਤ ਫੈਸਲਾ ਮੁੱਖ ਦਫ਼ਤਰ ਡਾਇਰੈਕਟੋਰੇਟ ਆਫ਼ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ ਵੱਲੋਂ ਲਿਆ ਜਾਵੇਗਾ।

4. ਜਿਨ੍ਹਾਂ ਉਮੀਦਵਾਰਾਂ ਨੇ ਅੱਜ ਮਿਤੀ 09.05.2023 ਨੂੰ ਆਪਣੀ ਹਾਜਰੀ ਦੇ ਦਿੱਤੀ ਹੈ ਉਨ੍ਹਾਂ ਦੀ ਮਿਤੀ 15.05.2023 ਤੋਂ ਇੰਡਕਸ਼ਨ ਟ੍ਰੇਨਿੰਗ ਉਮੀਦਵਾਰਾਂ ਦੇ ਸਬੰਧਤ ਜਿਲ੍ਹਾ ਸਿਖਲਾਈ ਸੰਸਥਾਵਾਂ ਵਿਖੇ ਹੀ ਲਗਾਈ ਜਾਵੇਗੀ। ਹਰ ਉਮੀਦਵਾਰ ਲਈ ਇਹ ਟ੍ਰੇਨਿੰਗ ਲਗਾਉਣੀ ਲਾਜ਼ਮੀ ਹੋਵੇਗੀ।

5. ਜਿਹੜੇ ਉਮੀਦਵਾਰ ਕਿਸੇ ਹੋਰ ਵਿਭਾਗ ਵਿੱਚ ਪਹਿਲਾਂ ਤੋਂ ਹੀ ਨੌਕਰੀ ਵਿੱਚ ਹਨ, ਉਹ ਉਮੀਦਵਾਰ ਆਪਣੀ ਪਿੱਤਰੀ ਵਿਭਾਗ ਤੋਂ ਅਸਤੀਫ਼ਾ ਪ੍ਰਵਾਨ ਹੋਣ ਉਪਰੰਤ ਸਿੱਖਿਆ ਵਿਭਾਗ ਵਿੱਚ ਹਾਜ਼ਰ ਹੋਣਗੇ। ਅਜਿਹੇ ਉਮੀਦਵਾਰ ਹੁਣ ਸਿਰਫ਼ ਆਪਣੀ ਪ੍ਰਤੀ ਬੇਨਤੀ ਰਾਂਹੀ ਸਬੰਧਤ ਜਿਲ੍ਹਾ ਸਿਖਲਾਈ ਸੰਸਥਾ ਨੂੰ ਸੂਚਿਤ ਕਰਨਗੇ।

09/05/2023

**ਸਹਾਇਕ ਡਾਇਰੈਕਟਰ (ਸ.ਪ੍ਰ-2)**

Scanned with OKEN Scanner